# ਸਲਾਨਾ ਪ੍ਰੀਖਿਆ
## ਵਿਸ਼ਾ: ਸਮਾਜਿਕ ਸਿੱਖਿਆ
## ਜਮਾਤ – ਅੱਠਵੀਂ

**ਸਮਾਂ : 3 ਘੰਟੇ** **ਕੁੱਲ ਅੰਕ:100** **ਲਿਖਤੀ = 70**
**ਪ੍ਰਯੋਗੀ = 20**
**ਸੀ.ਸੀ.ਈ.= 10**

| ਵਿਸ਼ਾ | ਬਹੁ ਵਿਕਲਪੀ ਪ੍ਰਸ਼ਨ ਕੁੱਲ ਪ੍ਰਸ਼ਨ–15 (15x1=15) | ਪਾਠ– ਪੁਸਤਕ ਵਿੱਚ ਦਿੱਤੇ ਅਭਿਆਸ ਅਧਾਰਿਤ ਪ੍ਰਸ਼ਨ (ਕੁੱਲ ਅੰਕ =55) | | |
|---|---|---|---|---|
| | | ਇੱਕ ਅੰਕ ਵਾਲੇ ਪ੍ਰਸ਼ਨ | ਦੋ ਅੰਕਾਂ ਵਾਲੇ ਪ੍ਰਸ਼ਨ | ਤਿੰਨ ਅੰਕਾਂ ਵਾਲੇ ਪ੍ਰਸ਼ਨ |
| ਭੂਗੋਲ | 6 ਪ੍ਰਸ਼ਨ (6x1=6) | 5 ਪ੍ਰਸ਼ਨ (5x1=5) | 2 ਪ੍ਰਸ਼ਨ (2x2=4) | 4 ਪ੍ਰਸ਼ਨ (4x3=12) |
| ਇਤਿਹਾਸ | 6 ਪ੍ਰਸ਼ਨ (6x1=6) | 6 ਪ੍ਰਸ਼ਨ (6x1=6) | 2 ਪ੍ਰਸ਼ਨ (2x2=4) | 4 ਪ੍ਰਸ਼ਨ (4x3=12) |
| ਨਾਗਰਿਕ ਸ਼ਾਸਤਰ | 3 ਪ੍ਰਸ਼ਨ (3 x1=3) | 2 ਪ੍ਰਸ਼ਨ (2x1=2) | 2 ਪ੍ਰਸ਼ਨ (2x2=4) | 2 ਪ੍ਰਸ਼ਨ (2x3=6) |

ਕੁੱਲ ਅੰਕ: 70 ਸੈਂਪਲ ਪੇਪਰ 2019–20 ਸਮਾਂ – 3 ਘੰਟੇ

ਵਿਸ਼ਾ–ਸਮਾਜਿਕ ਸਿੱਖਿਆ

ਜਮਾਤ ਅੱਠਵੀਂ

# ਭਾਗ–1

**I. ਸਹੀ ਵਿਕਲਪ ਚੁਣੋ:–** **(15x1=15)**

**1. ਹੇਠ ਦਿੱਤੇ ਚਿੱਤਰ ਵਿੱਚ ਕਿਹੜੀ ਫਸਲ ਨਾਲ ਸੰਬਧਤ ਕੰਮ ਹੋ ਰਿਹਾ ਹੈ?**



1) ਝੋਨਾ (ਚਾਵਲ)
2) ਕਣਕ
3) ਮੱਕੀ
4) ਕਪਾਹ

**2) ਹੇਠਾਂ ਦਿੱਤੀ ਸਾਰਣੀ ਦਾ ਅਧਿਐਨ ਕਰੋ**

| ਰਾਜ ਦਾ ਨਾਂ | ਜਨਸੰਖਿਆ (ਲੱਖ ਵਿੱਚ) ਲਗਭਗ |
|---|---|
| ਪੰਜਾਬ | 277.0 |
| ਗੁਜਰਾਤ | 603.8 |
| ਰਾਜਸਥਾਨ | 686.2 |
| ਉੱਤਰ ਪ੍ਰਦੇਸ਼ | 1995.8 |







1) ਸੀਰੀਜ਼ 1 ਸਹੀ ਹੈ।
2) ਸੀਰੀਜ਼ 2 ਸਹੀ ਹੈ
3) ਦੋਵੇਂ ਸੀਰੀਜ਼ ਗਲਤ ਹਨ।
4) ਦੋਵੇਂ ਸੀਰੀਜ਼ ਸਹੀ ਹਨ।

**3) ਹੇਠਾਂ ਦਰਸਾਈ ਮਸ਼ੀਨ ਕਿਸ ਕੰਮ ਆਉਂਦੀ ਹੈ?**



1) ਜ਼ਮੀਨ ਵਿੱਚੋ ਪੈਟ੍ਰੋਲ ਕੱਢਣ ਦੇ
2) ਕਣਕ ਅਤੇ ਝੋਨਾ ਬੀਜਣ ਲਈ
3) ਕਣਕ ਅਤੇ ਝੋਨੇ ਦੀ ਵਾਢੀ ਲਈ
4) ਕਪਾਹ ਕੱਢਣ/ ਚੁਗਣ ਲਈ

4) ਚਿੱਤਰ ਵਿੱਚ ਦਰਸਾਈ ਗਈ ਗਤੀਵਿਧੀ ਕਿਹੜੇ ਊਰਜਾ ਸਾਧਨ ਨਾਲ ਸਬੰਧਤ ਹੈ?



1) ਪਣ-ਬਿਜਲੀ
2) ਸੌਰ ਊਰਜਾ
3) ਪੌਣ ਊਰਜਾ
4) ਪਰਮਾਣੂ ਊਰਜਾ

5) ਝੂਲਣ ਦੇਵੀ ਆਪਣੇ ਪਰਿਵਾਰ ਨਾਲ ਖੇਤੀਬਾੜੀ ਦਾ ਕੰਮ ਕਰਦੀ ਹੈ ਪਰ ਉਸਦੇ ਪਰਿਵਾਰ ਨੂੰ ਭੂਮੀ ਦੀ ਉਪਜਾਊ ਸ਼ਕਤੀ ਘੱਟ ਹੋਣ ਕਾਰਨ ਥੋੜੇ ਸਮੇਂ ਬਾਅਦ ਇੱਕ ਥਾਂ ਨੂੰ ਛੱਡ ਕੇ ਦੂਜੀ ਥਾਂ ਤੇ ਖੇਤੀ ਕਰਨ ਲਈ ਜਾਣਾ ਪੈਂਦਾ ਹੈ। ਇਹ ਕਿਰਿਆ ਖੇਤੀ ਦੀ ਕਿਹੜੀ ਕਿਸਮ ਨੂੰ ਦਰਸਾਉਂਦੀ ਹੈ?

1) ਸਥਾਈ ਖੇਤੀ
2) ਬਗਾਤੀ ਖੇਤੀ
3) ਵਿਸ਼ਾਲ ਖੇਤੀ
4) ਝੂਮ ਖੇਤੀ

6) 26 ਦਸੰਬਰ 2004 ਦਾ ਦਿਨ ਸੀ ।ਮਨਿੰਦਰ ਆਪਣੇ ਮਾਤਾ-ਪਿਤਾ ਨਾਲ ਸਮੁੰਦਰ ਕਿਨਾਰੇ ਘੁੰਮਣ ਗਿਆ ਸੀ। ਅਚਾਨਕ ਹੀ ਸਮੁੰਦਰ ਵਿੱਚ ਬਹੁਤ ਹੀ ਉੱਚੀਆਂ ਲਹਿਰਾਂ ਉੱਠਣ ਲੱਗ ਪਈਆਂ।ਦੱਸੋ ਅਜਿਹੀ ਸਥਿਤੀ ਵਿੱਚ ਮਨਿੰਦਰ ਅਤੇ ਉਸਦੇ ਪਰਿਵਾਰ ਨੂੰ ਕੀ ਕਰਨਾ ਚਾਹੀਦਾ ਹੈ?

(ੳ) ਉੱਚੀ-ਉੱਚੀ ਰੌਲਾ ਪਾਉਣਾ ਚਾਹੀਦਾ ਹੈ।

(ਅ) ਕਿਸੇ ਦਰੱਖਤ ਥੱਲੇ ਖੜ੍ਹ ਜਾਣਾ ਚਾਹੀਦਾ ਹੈ।

(ੲ) ਸ਼ਾਂਤੀ ਨਾਲ ਉਸੇ ਥਾਂ ਤੇ ਬੈਠ ਜਾਣਾ ਚਾਹੀਦਾ ਹੈ।

(ਸ) ਸਮੁੰਦਰ ਤੋਂ ਦੂਰ ਕਿਸੇ ਸੁਰੱਖਿਅਤ ਥਾਂ ਤੇ ਚਲੇ ਜਾਣਾ ਚਾਹੀਦਾ ਹੈ।

7) ਹੇਠ ਦਿੱਤੀਆਂ ਤਸਵੀਰਾਂ ਨੂੰ ਪਛਾਣ ਕੇ ਦੱਸੋ ਕਿ ਇਹਨਾਂ ਦਾ ਸਬੰਧ ਇਤਿਹਾਸ ਦੇ ਕਿਸ ਕਾਲ ਨਾਲ ਹੈ?



1) ਪ੍ਰਾਚੀਨ ਕਾਲ
2) ਗੁਪਤ ਕਾਲ
3) ਮੱਧ ਕਾਲ
4) ਆਧੁਨਿਕ ਕਾਲ

8) ਨਕਸ਼ੇ ਵਿੱਚ ਹਰੇ ਰੰਗ ਵਿੱਚ ਦਰਸਾਏ ਰਾਜ ਦੇ ਇਲਾਕੇ ਵਿੱਚ ਅੰਗਰੇਜ਼ਾਂ ਨੇ ਫ੍ਰਾਂਸੀਸੀਆਂ ਨਾਲ ਤਿੰਨ ਯੁੱਧ ਲੜੇ ਸਨ। ਇਸ ਰਾਜ ਦਾ ਨਾਂ ਦੱਸੋ।



1. ਤਮਿਲਨਾਡੂ
2. ਕੇਰਲ
3. ਕਰਨਾਟਕ
4. ਆਂਧਰਾ ਪ੍ਰਦੇਸ਼

9) ਹੇਠ ਲਿਖਿਆਂ ਵਿੱਚੋਂ ਕੌਣ ਗਰਮ ਦਲ ਦੇ ਨੇਤਾ ਸਨ?




1) ਬਾਲ ਗੰਗਾਧਰ ਤਿਲਕ
2) ਲਾਲਾ ਲਾਜਪਤ ਰਾਏ
3) ਬਿਪਿਨ ਚੰਦਰ ਪਾਲ
4) ਉਪਰੋਕਤ ਸਾਰੇ

**10)**




**ਉਪਰੋਕਤ ਤਸਵੀਰ ਵਿੱਚ ਦਰਸਾਏ ਵਿਅਕਤੀਆਂ ਦਾ ਸੰਬੰਧ ਇਤਿਹਾਸ ਦੀ ਕਿਸ ਘਟਨਾ ਨਾਲ ਹੈ?**

1. ਪਹਿਲਾ ਵਿਸ਼ਵ ਯੁੱਧ
2. 1857 ਦਾ ਵਿਦਰੋਹ
3. ਕਿਸਾਨ ਵਿਦਰੋਹ
4. ਨੀਲ ਵਿਦਰੋਹ

11) **ਭਾਰਤ ਵਿੱਚ ਅੰਗਰੇਜ਼ੀ ਈਸਟ ਇੰਡੀਆ ਕੰਪਨੀ ਅਧੀਨ, ਹੇਠ ਦਰਜ ਵਿੱਚੋਂ ਕਿਹੜੇ ਸ਼ਹਿਰ ਦਾ ਉਥਾਨ ਨਹੀਂ ਹੋਇਆ?**

1) ਮਦਰਾਸ
2) ਮੁੰਬਈ
3) ਚੰਡੀਗੜ੍ਹ
4) ਕਲਕੱਤਾ

12) . **ਵਾਸਕੋਡੀਗਾਮਾ ਦਾ ਸਮੁੰਦਰ ਦੇ ਰਸਤੇ ਭਾਰਤ ਆਉਣ ਦਾ ਕੀ ਕਾਰਣ ਸੀ?**

1. ਭਾਰਤ 'ਤੇ ਰਾਜ ਕਰਨਾ
2. ਭਾਰਤ ਪਹੁੰਚਣ ਲਈ ਨਵੇਂ ਰਸਤੇ ਦੀ ਖੋਜ ਕਰਨਾ
3. ਭਾਰਤ 'ਤੇ ਹਮਲਾ ਕਰਨਾ
4. ਸੈਰ-ਸਪਾਟੇ ਲਈ

**13. ਸਾਲ 2002 ਵਿੱਚ ਸੰਵਿਧਾਨ ਦੀ 86ਵੀਂ ਸੋਧ ਰਾਹੀਂ ਇਹ ਅਧਿਕਾਰ ਦਿੱਤਾ ਗਿਆ। ਇਸ ਨੂੰ ਅਮਲੀ ਰੂਪ ਦੇਣ ਲਈ 2009 ਵਿੱਚ ਐਕਟ ਪਾਸ ਕੀਤਾ ਗਿਆ। ਅਪਰੈਲ 2010 ਵਿੱਚ ਸਾਰੇ ਭਾਰਤ ਵਿੱਚ ਇਸ ਨੂੰ ਲਾਗੂ ਕੀਤਾ ਗਿਆ। ਹੇਠਾਂ ਦਰਜ ਵਿੱਚੋਂ ਇਹ ਕਿਹੜਾ ਅਧਿਕਾਰ ਹੈ?**

1. ਸੂਚਨਾ ਦਾ ਅਧਿਕਾਰ
2. ਸਿੱਖਿਆ ਦਾ ਅਧਿਕਾਰ
3. ਜੀਵਨ ਦਾ ਅਧਿਕਾਰ
4. ਸਮਾਨਤਾ ਦਾ ਅਧਿਕਾਰ

**14. ਜੈਵੀਰ ਆਪਣੀ ਕਪੜੇ ਦੀ ਦੁਕਾਨ ਤੇ ਆਪਣੇ ਕਰਮਚਾਰੀ ਰਵੀ ਕੋਲੋਂ ਸਵੇਰੇ 8 ਵਜੇ ਤੋਂ ਰਾਤ 8 ਵਜੇ ਤੱਕ ਬਿਨਾਂ ਛੁੱਟੀ ਦਿੱਤੇ ਲਗਾਤਾਰ ਕੰਮ ਕਰਵਾਉਂਦਾ ਹੈ। ਇਸ ਨਾਲ ਰਵੀ ਦੇ ਕਿਹੜੇ ਅਧਿਕਾਰ ਦਾ ਉਲੰਘਣਾ ਹੋਈ ਹੈ?**

1. ਸਮਾਨਤਾ ਦਾ ਅਧਿਕਾਰ
2. ਸ਼ੋਸ਼ਣ ਦੇ ਵਿਰੁੱਧ ਅਧਿਕਾਰ
3. ਸਿੱਖਿਆ ਦਾ ਅਧਿਕਾਰ
4. ਧਾਰਮਿਕ ਸੁਤੰਤਰਤਾ ਦਾ ਅਧਿਕਾਰ

**15. ਹਰਿੰਦਰ ਸਿੰਘ ਜੋ ਕਿ ਗਊਸ਼ਾਲਾ ਰੋਡ ਦਾ ਨਿਵਾਸੀ ਹੈ, ਦੇ ਘਰ ਦੇ ਨੇੜੇ ਬਹੁਤ ਸਾਰੇ ਮੈਰਿਜ ਪੈਲੇਸ ਹਨ। ਇਹਨਾਂ ਵਿੱਚ ਦੇਰ ਰਾਤ ਤਕ ਵੱਜਦੇ ਸੰਗੀਤ ਤੋਂ ਉਹ ਬਹੁਤ ਪਰੇਸ਼ਾਨ ਹੈ। ਉਹ ਇਹ ਵੀ ਸਮਝਦਾ ਹੈ ਕਿ ਇਸ ਸੰਗੀਤ ਤੋਂ ਉਤਪੰਨ ਆਵਾਜ਼ ਪ੍ਰਦੂਸ਼ਨ ਨਾਲ ਵਿਦਿਆਰਥੀਆਂ, ਬਜ਼ੁਰਗਾਂ, ਮਰੀਜ਼ਾਂ ਨੂੰ ਬਹੁਤ ਪਰੇਸ਼ਾਨੀ ਹੁੰਦੀ ਹੋਵੇਗੀ। ਇਸ ਲਈ ਉਹ ਹਾਈ ਕੋਰਟ ਵਿੱਚ ਸ਼ਹਿਰੀ ਪ੍ਰਸ਼ਾਸਨ ਵਿਰੁੱਧ ਇਕ ਮੁਕੱਦਮਾ ਦਾਇਰ ਕਰਦਾ ਹੈ। ਹਾਈ ਕੋਰਟ ਇਸ ਮੁਕੱਦਮੇ ਨੂੰ ਕਿਸ ਕਿਸਮ ਦੇ ਅਧੀਨ ਰਜਿਸਟਰ ਕਰੇਗੀ?**

1) ਸਿਵਲ ਮੁਕੱਦਮਾ
2) ਫੌਜਦਾਰੀ ਮੁਕੱਦਮਾ
3) ਜਨਹਿੱਤ ਮੁਕੱਦਮਾ
4) ਅਪੀਲ

## ਭਾਗ -2

## (ਭੂਗੋਲ)

**I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ ਦਿਓ: (5x1=5)**

**1.** ਅਜਿੰਦਰ ਸਿੰਘ ਧਾਗਾ ਬਨਾਉਣ ਦੀ ਫੈਕਟਰੀ ਲਗਾਉਣਾ ਚਾਹੁੰਦਾ ਹੈ। ਕੱਚੇ ਮਾਲ ਦੇ ਰੂਪ ਵਿੱਚ ਉਹ ਕਿਹੜੀ ਫ਼ਸਲ ਦਾ ਪ੍ਰਯੋਗ ਕਰੇਗਾ?

**2.** ਭੂਚਾਲ ਨੂੰ ਮਾਪਣ ਵਾਲੇ ਇਕ ਪੈਮਾਨੇ ਮੁਤਾਬਿਕ 12 ਤੋਂ ਭਾਵ ਹੈ ਸਭ ਕੁੱਝ ਤਬਾਹ ਹੋ ਗਿਆ। ਇਸ ਪੈਮਾਨੇ ਨੂੰ ਕੀ ਨਾਂ ਦਿੱਤਾ ਗਿਆ ਹੈ?

**3.** ਰਾਜਨ ਪੱਛਮੀ ਬੰਗਾਲ ਵਿੱਚ ਰਹਿੰਦਾ ਹੈ। ਕੀ ਤੁਸੀਂ ਦੱਸ ਸਕਦੇ ਹੋ ਕਿ ਉਸਨੂੰ ਆਪਣੇ ਖੇਤ ਵਿੱਚ ਅਨਾਜ ਦੀ ਕਿਹੜੀ ਫ਼ਸਲ ਬੀਜਣੀ ਚਾਹੀਦੀ ਹੈ ਜਿਸ ਨਾਲ ਉਸਨੂੰ ਵੱਧ ਲਾਭ ਪ੍ਰਾਪਤ ਹੋ ਸਕੇ?

**4.** ਸਾਡੇ ਦੇਸ਼ ਭਾਰਤ ਦੀ ਜਨਸੰਖਿਆ ਕੇਵਲ ਇੱਕ ਦੇਸ਼ ਤੋਂ ਹੀ ਕੁੱਝ ਘੱਟ ਹੈ। ਕੀ ਤੁਸੀਂ ਉਸ ਦੇਸ਼ ਦਾ ਨਾਂ ਦੱਸ ਸਕਦੇ ਹੋ?

**5.** ਜੇਕਰ ਕਿਸੇ ਵਿਅਕਤੀ ਨੇ ਚਾਹ,ਕੌਫੀ ਅਤੇ ਕੋਕੋ ਦੀ ਫ਼ਸਲ ਉਗਾਈ ਹੈ ਤਾਂ ਉਸ ਦੀਆਂ ਫ਼ਸਲਾਂ ਕਿਸ ਕਿਸਮ ਦੀਆਂ ਹਨ?

**II. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿੱਚ ਦਿਓ:-** **(2x2=4)**

**1.** ਸਾਧਨਾਂ ਤੋਂ ਤੁਹਾਡਾ ਕੀ ਭਾਵ ਹੈ ?

**2.** ਕੋਲੇ ਦੀਆਂ ਚਾਰ ਕਿਸਮਾਂ ਦੇ ਨਾਂ ਲਿਖੋ।

**III. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 70-75 ਸ਼ਬਦਾਂ ਵਿੱਚ ਦਿਓ:-** **(4x3=12)**

**1.** ਜਵਾਲਾਮੁਖੀ ਅਤੇ ਸੁਨਾਮੀ ਤੋਂ ਬਚਣ ਲਈ ਕੀ-ਕੀ ਪ੍ਰਬੰਧ ਕਰਨੇ ਚਾਹੀਦੇ ਹਨ?

**2.** ਪੰਜਾਬ ਵਿੱਚ ਕਪਾਹ ਦੀ ਪੈਦਾਵਾਰ ਤੇ ਨੋਟ ਲਿਖੋ।

**3.** ਪਣ-ਬਿਜਲੀ ਤਿਆਰ ਕਰਨ ਲਈ ਲੋੜੀਂਦੇ ਜ਼ਰੂਰੀ ਤੱਤਾਂ ਬਾਰੇ ਲਿਖੋ।

**4.** ਮਿੱਟੀ ਸਾਧਨ ਦੀ ਸਾਂਭ-ਸੰਭਾਲ ਕਿਵੇਂ ਕੀਤੀ ਜਾ ਸਕਦੀ ਹੈ?

## (ਇਤਿਹਾਸ)

**I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ ਦਿਓ:** **6x1=6)**

1. ਅੰਮ੍ਰਿਤਸਰ ਦੇ ਜਲ੍ਹਿਆਂਵਾਲੇ ਬਾਗ ਵਿੱਚ 13 ਅਪ੍ਰੈਲ 1919 ਨੂੰ ਲਗਭਗ 20 ਹਜ਼ਾਰ ਲੋਕ ਇਕੱਠੇ ਹੋਏ ਸਨ। ਇਹਨਾਂ ਦੇ ਇਸ ਸ਼ਾਂਤੀਪੂਰਵਕ ਰੋਸ ਪ੍ਰਦਰਸ਼ਨ ਦਾ ਮੁੱਖ ਕਾਰਨ ਕੀ ਸੀ?
2. ਭਾਰਤ ਵਿੱਚ ਅੰਗਰੇਜ਼ੀ ਮਾਧਿਅਮ ਅਧੀਨ ਸਿੱਖਿਆ ਦਾ ਮੋਢੀ ਕਿਸ ਨੂੰ ਮੰਨਿਆ ਜਾਂਦਾ ਹੈ?
3. ਸਰ ਚਾਰਲਸ ਵੁੱਡ ਦੀਆਂ ਸਿਫਾਰਿਸ਼ਾਂ ਦੇ ਅਧਾਰ 'ਤੇ ਕਈ ਥਾਂਵਾਂ ਉੱਤੇ ਵਿਸ਼ਵ ਵਿਦਿਆਲੇ ਖੋਲ੍ਹੇ ਗਏ। ਕਿਸੇ ਇੱਕ ਸਥਾਨ ਦਾ ਨਾਂ ਲਿਖੋ?
4. ਰਾਜਾ ਰਵੀ ਵਰਮਾ ਇੱਕ ਮਹਾਨ ਕਲਾਕਾਰ ਸਨ। ਕੀ ਤੁਸੀਂ ਦੱਸ ਸਕਦੇ ਹੋ ਕਿ ਇਹਨਾਂ ਦਾ ਸਬੰਧ ਕਲਾ ਦੇ ਕਿਸ ਖੇਤਰ ਨਾਲ ਸੀ?
5. ਅਜ਼ਾਦੀ ਦੀ ਪ੍ਰਾਪਤੀ ਲਈ ਭਾਰਤ ਵਿੱਚ ਕਈ ਅੰਦੋਲਨ ਚਲਾਏ ਗਏ । ਕੀ ਤੁਸੀਂ ਜਾਣਦੇ ਹੋ ਕਿ ਗਾਂਧੀ ਜੀ ਦੁਆਰਾ ਚਲਾਇਆ ਗਿਆ 'ਭਾਰਤ ਛੱਡੋ ਅੰਦੋਲਨ' ਕਦੋਂ ਸ਼ੁਰੂ ਹੋਇਆ ਸੀ?
6. ਸਤੀ ਪ੍ਰਥਾ ਅਨੁਸਾਰ ਪਤੀ ਦੀ ਮੌਤ ਤੋਂ ਬਾਅਦ ਪਤਨੀ ਨੂੰ ਵੀ ਉਸਦੇ ਨਾਲ ਜਿਉਂਦਿਆਂ ਹੀ ਸਾੜ ਦਿੱਤਾ ਜਾਂਦਾ ਸੀ, ਕੀ ਤੁਸੀਂ ਜਾਣਦੇ ਹੋ ਕਿ ਇਸ ਬੁਰੀ ਪ੍ਰਥਾ ਉੱਤੇ ਰੋਕ ਕਦੋਂ ਲਗਾਈ ਗਈ ?

**II. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿੱਚ ਦਿਓ:-** **(2x2=4)**

1. ਭਾਰਤ ਵਿੱਚ ਆਧੁਨਿਕ ਕਾਲ ਦਾ ਅਰੰਭ ਕਦੋਂ ਹੋਇਆ?
2. ਸਥਾਈ ਬੰਦੋਬਸਤ ਕਿਸਨੇ ਅਤੇ ਕਦੋਂ ਸ਼ੁਰੂ ਕੀਤਾ?

**III. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 70-75 ਸ਼ਬਦਾਂ ਵਿੱਚ ਦਿਓ :-** **(4x3=12)**

1. ਸਾਈਮਨ ਕਮਿਸ਼ਨ ਤੇ ਨੋਟ ਲਿਖੋ।
2. 19ਵੀਂ ਸਦੀ ਵਿੱਚ ਲਘੂ ਉਦਯੋਗਾਂ ਦੇ ਪਤਨ ਬਾਰੇ ਲਿਖੋ।
3. ਲੈਪਸ ਦੀ ਨੀਤੀ ਤੇ ਨੋਟ ਲਿਖੋ
4. 1857 ਈ: ਦੇ ਵਿਦਰੋਹ ਦੇ ਸਮਾਜਿਕ ਕਾਰਨਾਂ ਉੱਤੇ ਨੋਟ ਲਿਖੋ।

## (ਨਾਗਰਿਕ ਸ਼ਾਸਤਰ)

**I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ ਦਿਓ: (2x1=2)**

**1.** ਕੁਲਦੀਪ ਕੌਰ ਦੀ ਸ਼ਾਦੀ ਲੁਧਿਆਣੇ ਤੋਂ ਪਟਿਆਲਾ ਹੋ ਗਈ ਹੈ ।ਹੁਣ ਉਹ ਆਪਣੀ ਵੋਟ ਪਟਿਆਲਾ ਵਿਖੇ ਬਨਵਾਉਣਾ ਚਾਹੁੰਦੀ ਹੈ ।ਇਸ ਦੇ ਲਈ ਉਸ ਨੂੰ ਕਿਸ ਅਧਿਕਾਰੀ ਨੂੰ ਮਿਲਣਾ ਚਾਹੀਦਾ ਹੈ?

**2.** ਮੰਨ ਲਓ ਭਾਰਤ ਸਰਕਾਰ ਨੇ ਰੇਲਵੇ ਦੇ ਸੰਬੰਧ ਵਿੱਚ ਇੱਕ ਬਿੱਲ ਪਾਸ ਕੀਤਾ ਹੈ, ਬਿੱਲ ਨੂੰ ਕਾਨੂੰਨ ਦਾ ਰੂਪ ਦੇਣ ਲਈ ਸੱਭ ਤੋਂ ਅਖੀਰ ਵਿੱਚ ਕਿਸ ਕੋਲ ਦਸਤਖ਼ਤ ਕਰਨ ਲਈ ਭੇਜਿਆ ਜਾਵੇਗਾ?

**II. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿੱਚ ਦਿਓ:- (2x2=4)**

1. ਸੰਵਿਧਾਨਿਕ ਉਪਚਾਰਾਂ ਦੇ ਅਧਿਕਾਰ ਤੋਂ ਕੀ ਭਾਵ ਹੈ?
2. ਸਿਵਲ ਮੁੱਕਦਮੇ ਦਾ ਅਰਥ ਲਿਖੋ।

**III. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 70-75 ਸ਼ਬਦਾਂ ਵਿੱਚ ਦਿਓ:- (2x3=6)**

1. ਭਾਸ਼ਾਵਾਦ ਤੋਂ ਕੀ ਭਾਵ ਹੈ ? ਇਸਦੇ ਪ੍ਰਭਾਵਾਂ ਦਾ ਵਰਣਨ ਕਰੋ?
2. ਸੰਸਦ ਪ੍ਰਣਾਲੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਲਿਖੋ।